# **ਪ੍ਰੈਸ ਨੋਟ**

ਸ੍ਰੀ ਗੁਲਨੀਤ ਸਿੰਘ ਖੁਰਾਨਾ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ ਰੂਪਨਗਰ ਜੀ ਵਲੋ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਨਜਦੀਕ ਆ ਰਹੇ 26 ਜਨਵਰੀ 2024 (ਗਣਤੰਤਰਤਾ ਦਿਵਸ) ਦੀ ਸੁੱਰਖਿਆ ਦੇ ਮੱਦੇਨਜਰ ਪੰਜਾਬ ਸਰਕਾਰ ਅਤੇ ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਪੁਲਿਸ, ਲਾਅ ਐਂਡ ਆਰਡਰ ਪੰਜਾਬ ਜੀ ਵਲੋ ਮਿਲੇ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਵਿੱਚ ਅੱਜ ਰੂਪਨਗਰ ਜਿਲ੍ਹੇ ਵਿੱਚ ਪੈਂਦੇ ਰੇਲਵੇ ਸਟੇਸ਼ਨਾ ਅਤੇ ਬੱਸ ਸਟੈਂਡਾ ਵਿੱਚ ਅੱਜ ਦੁਪਹਿਰ 12.00 ਵਜੇ ਤੋ ਦੁਪਹਿਰ 3.00 ਵਜੇ ਤੱਕ ਸਪੈਸ਼ਲ ਓਪਰੇਸ਼ਨ "ਇਗਲ -3" ਤਹਿਤ ਅਸਰਦਾਰ ਢੰਗ ਨਾਲ ਅਤੇ ਐਂਟੀ-ਸਾਬੋਟੇਜ਼ ਰਾਹੀ ਚੈਕਿੰਗ ਕੀਤੀ ਗਈ ਹੈ। ਇਸ ਆਪ੍ਰੇਸ਼ਨ ਦੋਰਾਨ 1 ਐਸ.ਪੀ., 5 ਡੀ.ਐਸ.ਪੀ., 10 ਮੁੱਖ ਅਫਸਰ ਥਾਣਾ ਸਮੇਤ 121 ਪੁਲਿਸ ਕਰਮਚਾਰੀਆਂ ਨੇ ਭਾਗ ਲਿਆ। ਇਸ ਓਪਰੇਸ਼ਨ ਦੋਰਾਨ 05 ਵਹੀਕਲ ਅੰਪਾਊਡ ਕੀਤੇ ਗਏ ਅਤੇ 45 ਵਹੀਕਲਾ ਦੇ ਟਰੈਫਿਕ ਨਿਯਮਾ ਦੀ ਉਲੰਘਣਾ ਤਹਿਤ ਚਲਾਨ ਕੀਤੇ ਗਏ।

ਸ੍ਰੀ ਗੁਲਨੀਤ ਸਿੰਘ ਖੁਰਾਨਾ, (ਆਈ.ਪੀ.ਐਸ). ਸੀਨੀਅਰ ਕਪਤਾਨ ਪੁਲਿਸ ਰੂਪਨਗਰ ਜੀ ਵਲੋ ਦੱਸਿਆ ਗਿਆ ਕਿ ਰੂਪਨਗਰ ਪੁਲਿਸ ਵਲੋ ਪਹਿਲਾ ਹੀ ਵਿਸ਼ੇਸ਼ ਮੁਹਿੰਮ ਆਰੰਭ ਕਰਕੇ ਰੋਜਾਨਾ ਹੀ ਗਸ਼ਤਾ ,ਨਾਕਾਬੰਦੀਆ ਅਤੇ ਸਰਚ ਕਰਵਾ ਕੇ ਜਿੱਥੇ ਮਾੜੇ ਅਨਸਰਾ ਨੂੰ ਕਾਬੂ ਕੀਤਾ ਜਾ ਰਿਹਾ ਹੈ ਉਥੇ ਹੀ ਨਸ਼ਿਆ ਦਾ ਧੰਦਾ ਕਰਨ ਵਾਲਿਆ ਵਿਰੁੱਧ ਮੁਕੱਦਮੇ ਦਰਜ ਕਰਕੇ ਬਰਾਮਦਗੀ ਕਰਵਾਈ ਜਾ ਰਹੀ ਹੈ। ਕਿਸੇ ਵੀ ਸ਼ਰਾਰਤੀ ਅਤੇ ਮਾੜੇ ਅਨਸਰ ਨੂੰ ਸਿਰ ਚੱਕਣ ਨਹੀ ਦਿੱਤਾ ਜਾਵੇਗਾ। ਜਿਲਾ ਦੇ ਅੰਦਰ ਅਮਨ ਕਾਨੂੰਨ ਵਿਵਸਥਾ ਨੂੰ ਹਰ ਹਾਲ ਕਾਇਮ ਰੱਖਿਆ ਜਾਵੇਗਾ। ਰੂਪਨਗਰ ਪੁਲਿਸ ਵਲੋ ਵਿੱਢੀ ਮੁਹਿੰਮ ਨੂੰ ਅੱਗੇ ਲਈ ਵੀ ਇਸ ਤਰ੍ਹਾ ਹੀ ਜਾਰੀ ਰੱਖਿਆ ਜਾ ਰਿਹਾ ਹੈ।